# ਸੁਰੱਖਿਅਤ-ਪ੍ਰਬੰਧ ਕਰਨ ਸਬੰਧੀ ਨੀਤੀ

ਇਸ ਬਾਰੇ ਸਾਡੀ ਨੀਤੀ ਕਿ ਅਸੀਂ ਕੁੜੀਆਂ, ਨੌਜਵਾਨ ਔਰਤਾਂ ਅਤੇ ਬਾਲਗ਼ਾਂ ਦੀ ਭਲਾਈ ਨੂੰ ਵਧਾਵਾ ਕਿਵੇਂ ਦਿੰਦੇ ਹਾਂ ਅਤੇ ਉਹਨਾਂ ਨੂੰ ਨੁਕਸਾਨ ਤੋਂ ਕਿਵੇਂ ਬਚਾਉਂਦੇ ਹਾਂ

*ਪ੍ਰਕਾਸ਼ਿਤ ਕੀਤਾ: 2 ਅਕਤੂਬਰ 2024*

*ਸੰਸਕਰਣ: 5*

## HQ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਨਾਲ ਸੰਪਰਕ ਕਿਵੇਂ ਕਰਨਾ ਹੈ

ਜੇ ਤੁਹਾਡੀ ਸੁਰੱਖਿਅਤ-ਪ੍ਰਬੰਧ ਸਬੰਧੀ ਕੋਈ ਚਿੰਤਾ ਹੁੰਦੀ ਹੈ, ਤਾਂ ਇਸਦੀ ਰਿਪੋਰਟ ਕਰੋ। ਜੇ ਇਹ ਕੋਈ ਆਪਾਤਕਾਲ ਸਥਿਤੀ ਹੈ ਅਤੇ ਤੁਰੰਤ ਨੁਕਸਾਨ ਹੋਣ ਦਾ ਜੋਖਮ ਹੁੰਦਾ ਹੈ, ਤਾਂ ਤੁਹਾਡੇ ਲਈ ਸਭ ਤੋਂ ਪਹਿਲਾਂ ਆਪਾਤਾਕਾਲ ਸੇਵਾਵਾਂ ਨੂੰ ਕਾਲ ਕਰਨਾ, ਅਤੇ ਫੇਰ HQ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਨੂੰ ਰਿਪੋਰਟ ਕਰਨਾ ਲਾਜ਼ਮੀ ਹੈ।

ਕੰਮਕਾਜੀ ਸਮੇਂ ਦੇ ਦੌਰਾਨ +44(0)207 834 6242 ਐਕਸਟੈਂਸ਼ਨ 3037 ‘ਤੇ ਸੰਪਰਕ ਕਰੋ ਜਾਂ

safeguarding@girlguiding.org.uk ‘ਤੇ ਈਮੇਲ ਕਰੋ।

ਕੰਮਕਾਜੀ ਸਮੇਂ ਤੋਂ ਬਾਅਦ ਦੀਆਂ ਆਪਾਤਕਾਲ ਸਥਿਤੀਆਂ ਲਈ, +44(0)7508 032997 (ਸੋਮਵਾਰ ਤੋਂ ਸ਼ੁੱਕਰਵਾਰ 5-10 ਵਜੇ; ਸ਼ਨੀਵਾਰ, ਐਤਵਾਰ ਅਤੇ ਬੈਂਕ ਦੀਆਂ ਛੁੱਟੀਆਂ ਨੂੰ ਸਵੇਰੇ 9 ਵਜੇ – ਰਾਤ 10 ਵਜੇ ਤਕ) ‘ਤੇ ਕਾਲ ਕਰੋ।
ਜੇ ਅਸੀਂ ਤੁਹਾਡੀ ਕਾਲ ਦਾ ਫੌਰਨ ਜਵਾਬ ਨਹੀਂ ਦਿੰਦੇ ਹਾਂ ਜਾਂ ਇਹ ਸਾਡੇ ਕੰਮਕਾਜੀ ਸਮੇਂ ਤੋਂ **ਬਾਅਦ** ਹੈ, ਤਾਂ ਕਿਰਪਾ ਕਰਕੇ ਸਾਨੂੰ ਤੁਹਾਡੀ ਚਿੰਤਾ ਦਾ ਵਰਣਨ ਕਰਦੀ ਇੱਕ ਈਮੇਲ ਭੇਜੋ, ਜਾਂ ਜਿਵੇਂ ਹੀ ਸਾਡੀਆਂ ਲਾਈਨਾਂ ਦੁਬਾਰਾ ਖੁੱਲ੍ਹਦੀਆਂ ਹਨ, ਸਾਨੂੰ ਕਾਲ ਕਰੋ। ਕਿਰਪਾ ਕਰਕੇ ਕੰਮਕਾਜੀ ਸਮੇਂ ਤੋਂ ਬਾਅਦ ਨਾ ਚੱਲਣ ਵਾਲੇ ਨੰਬਰ ‘ਤੇ ਟੈਕਸਟ ਨਾ ਭੇਜੋ ਕਿਉਂਕਿ ਅਸੀਂ ਇਹ ਸੰਦੇਸ਼ ਨਹੀਂ ਦੇਖ ਸਕਦੇ।

ਕਿਰਪਾ ਕਰਕੇ ਇਸ ਨੀਤੀ ਦੇ ਸਭ ਤੋਂ ਹਾਲ ਦੇ ਅੱਪਡੇਟਾਂ ਵਿੱਚ ਦੇਖੋ ਕਿ ਕੀ ਬਦਲਾਵ ਆਇਆ ਹੈ ਅਤੇ ਕਿਉਂ ਆਇਆ ਹੈ।

## ਨੀਤੀ ਦੇ ਉਦੇਸ਼ ਅਤੇ ਮਕਸਦ

ਸੁਰੱਖਿਆ-ਪ੍ਰਬੰਧ ਕਰਨ ਦਾ ਮਤਲਬ ਅਜਿਹਾ ਕੰਮ ਹੈ ਜੋ ਅਸੀਂ ਕੁੜੀਆਂ, ਨੌਜਵਾਨ ਔਰਤਾਂ, ਅਤੇ ਬਾਲਗਾਂ ਦੀ ਭਲਾਈ ਨੂੰ ਵਧਾਵਾ ਦੇਣ, ਅਤੇ ਉਹਨਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਕਰਦੇ ਹਾਂ।ਸੁਰੱਖਿਆ-ਪ੍ਰਬੰਧ ਕਰਨਾ ਸਾਡੀ ਸਭ ਤੋਂ ਵੱਡੀ ਪਹਿਲ ਹੈ ਅਤੇ ਸਾਡੇ ਕੀਤੇ ਜਾਂਦੇ ਹਰ ਕੰਮ ਦਾ ਕੇਂਦਰ-ਬਿੰਦੂ ਹੈ।

ਇਹ ਨੀਤੀ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਸਾਡੇ ਇਕਰਾਰ, ਸਾਡੀਆਂ ਅਪੇਖਿਆਵਾਂ, ਅਸੀਂ ਬੱਚਿਆਂ ਅਤੇ ਬਾਲਗ਼ਾਂ ਨੂੰ ਕਿਵੇਂ ਸੁਰੱਖਿਅਤ ਰੱਖਦੇ ਹਾਂ, ਕਿਸੇ ਚਿੰਤਾ ਦੀ ਰਿਪੋਰਟ ਕਿਵੇਂ ਕਰਨੀ ਹੈ, Girlguiding HQ ਚਿੰਤਾਵਾਂ ਲਈ ਕਿਵੇਂ ਪ੍ਰਤੀਕਿਰਿਆ ਕਰੇਗਾ, ਇਹ ਸਭ ਨਿਰਧਾਰਤ ਕਰਦੀ ਹੈ।

ਸੁਰੱਖਿਆ-ਪ੍ਰਬੰਧ ਕਰਨਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ, ਭਾਵੇਂ ਤੁਸੀਂ ਇਹ ਬਾਲਗ਼ ਸਵੈਸੇਵਕ ਹੋ, ਬਾਲਗ਼ ਸਦੱਸ ਹੋ ਜਾਂ Guide Association ਦੁਆਰਾ ਕੰਮ 'ਤੇ ਰੱਖੇ ਗਏ **ਸਟਾਫ਼** ਸਦੱਸ ਹੋ।

Girlguiding ਦੇ ਸਾਰੇ ਸਵੈਸੇਵਕਾਂ, ਸਦੱਸਾਂ, ਅਤੇ The Guide Association ਦੁਆਰਾ ਕੰਮ 'ਤੇ ਰੱਖੇ ਗਏ ਸਾਰੇ **ਸਟਾਫ਼** ਦੁਆਰਾ ਸਾਡੀ ਨੀਤੀ ਦਾ ਪਾਲਣ ਕਰਨਾ ਲਾਜ਼ਮੀ ਹੈ, ਭਾਵੇਂ ਪੱਕੇ ਹਨ, ਨਿਸ਼ਚਿਤ ਮਿਆਦ ਲਈ ਜਾਂ ਅਨੁਬੰਧ ਆਧਾਰਿਤ ਕੰਮ ਕਰਦੇ ਹਨ। The Guide Association ਅਜਿਹੇ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਮਸਲਿਆਂ 'ਤੇ ਪ੍ਰਤੀਕਿਰਿਆ ਦੇਣ ਲਈ ਦੂਜੇ Girlguiding ਮਾਲਕਾਂ ਦੇ ਨਾਲ ਨਜ਼ਦੀਕੀ ਭਾਈਵਾਲੀ ਵਿੱਚ ਕੰਮ ਕਰਦੇ ਹਨ, ਜਿੱਥੇ ਇਹ ਦੇਸ਼ ਅਤੇ ਖੇਤਰ ਜਾਂ ਸਥਾਨਕ **ਸਟਾਫ਼** ਨੂੰ ਸ਼ਾਮਲ ਕਰਦੇ ਹਨ।

ਅਸੀਂ ਸੁਰੱਖਿਆ-ਪ੍ਰਬੰਧ ਸਬੰਧੀ ਔਫਲਾਈਨ ਅਤੇ ਔਨਲਾਈਨ ਸਮਾਨ ਸਿੱਧਾਂਤਾਂ ਦਾ ਪਾਲਣ ਕਰਦੇ ਹਾਂ। ਤੁਹਾਡੇ ਲਈ ਇਸ ਨੀਤੀ ਨੂੰ ਇਸਦੇ ਨਾਲ ਆਉਣ ਵਾਲੀ ਕਾਰਜਵਿਧੀ ਦੇ ਨਾਲ-ਨਾਲ ਡਿਜੀਟਲ ਸੁਰੱਖਿਆ-ਪ੍ਰਬੰਧ ਸਬੰਧੀ ਨੀਤੀ, ਅਤੇ ਇਸਦੀ ਕਾਰਜਵਿਧੀ ਦੇ ਨਾਲ ਪੜ੍ਹਨਾ ਲਾਜ਼ਮੀ ਹੈ।

ਜੇ ਤੁਹਾਨੂੰ ਸੁਰੱਖਿਆ-ਪ੍ਰਬੰਧ ਸਬੰਧੀ ਕੋਈ – ਔਫਲਾਈਨ ਜਾਂ ਔਨਲਾਈਨ - ਚਿੰਤਾ ਹੁੰਦੀ ਹੈ, ਤਾਂ ਤੁਹਾਨੂੰ HQ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਟੀਮ ਨੂੰ 24 ਘੰਟਿਆਂ ਦੇ ਅੰਦਰ (ਜਾਂ ਜੇਕਰ ਕੋਈ ਆਪਾਤਕਾਲ ਸਥਿਤੀ ਹੈ ਤਾਂ ਇਸ ਤੋਂ ਵੀ ਛੇਤੀ) ਇਸਦੀ ਸੂਚਨਾ ਦੇਣੀ ਚਾਹੀਦੀ ਹੈ।

ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਟੀਮ ਮਦਦ ਲਈ ਉਪਲਬਧ ਹੈ। ਜੇ ਤੁਹਾਨੂੰ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਕਿਸੇ ਚੀਜ਼ ਦੇ ਨਾਲ ਮਦਦ ਦੀ ਲੋੜ ਹੈ, ਜਾਂ ਤੁਹਾਡੀ ਕੋਈ ਚਿੰਤਾ ਹੁੰਦੀ ਹੈ, ਤਾਂ ਸੰਪਰਕ ਕਰੋ।

## ਪਰਿਭਾਸ਼ਾਵਾਂ

- **ਬਾਲਗ ਸਦੱਸ** – 18 ਸਾਲ ਤੋਂ ਵੱਡਾ ਕੋਈ ਵਿਅਕਤੀ ਜਿਸ ਲਈ ਸਬਸਕ੍ਰਿਪਸ਼ਨ ਦਾ ਭੁਗਤਾਨ ਕੀਤਾ ਜਾਂਦਾ ਹੈ।
- **ਬਾਲਗ ਸਵੈਸੇਵਕ** – 18 ਸਾਲ ਤੋਂ ਵੱਡਾ ਕੋਈ ਵਿਅਕਤੀ ਜੋ ਇੱਕ ਪੰਜੀਕ੍ਰਿਤ ਸਵੈਸੇਵਕ ਭੂਮਿਕਾ ਵਿੱਚ Girlguiding ਨੂੰ ਆਪਣਾ ਸਮਾਂ ਦਿੰਦਾ ਹੈ ਜਿਸ ਲਈ ਕੋਈ ਭੁਗਤਾਨ ਨਹੀਂ ਲੈਂਦਾ ਹੈ। ਇਸ ਵਿੱਚ ਸਦੱਸਾਂ ਨਾਲ ਸਿੱਧੇ ਤੌਰ 'ਤੇ ਕੰਮ ਕਰ ਰਹੇ ਸਵੈਸੇਵਕ ਅਤੇ ਕੋਈ ਸਿੱਧਾ ਸੰਪਰਕ ਨਾ ਹੋਣ ਵਾਲੇ ਸਵੈਸੇਵਕ ਸ਼ਾਮਲ ਹੁੰਦੇ ਹਨ।

- **Girlguiding –**Guide Association ਅਤੇ ਇਸ ਦੀਆਂ ਸਥਾਨਕ ਇਕਾਈਆਂ, ਜ਼ਿਲ੍ਹੇ, ਵਿਭਾਗ, ਕਾਉਂਟੀਆਂ, ਦੇਸ਼, ਅਤੇ ਖੇਤਰ।
- **ਸਦੱਸ** – ਇਸ ਵਿੱਚ ਨੌਜਵਾਨ/ਛੋਟੇ ਸਦੱਸ ਅਤੇ ਬਾਲਗ ਸਦੱਸ ਸ਼ਾਮਲ ਹਨ।
- **ਕਰਮਚਾਰੀ** - The Guide Association ਦੁਆਰਾ ਕੰਮ 'ਤੇ ਰੱਖਿਆ ਕੋਈ ਵੀ ਵਿਅਕਤੀ ਭਾਵੇਂ ਪੱਕਾ, ਨਿਸ਼ਚਿਤ ਮਿਆਦ ਲਈ ਹੈ ਜਾਂ ਅਨੁਬੰਧ ਅਨੁਸਾਰ ਕੰਮ ਕਰਦਾ ਹੈ।
- **ਕਾਨੂੰਨੀ ਏਜੰਸੀਆਂ** – ਇਹਨਾਂ ਵਿੱਚ ਪੁਲਿਸ, ਬੱਚਿਆਂ ਦੀ ਸਮਾਜਕ ਦੇਖਭਾਲ, ਅਤੇ ਮਨੋਨੀਤ ਕੀਤੇ ਅਧਿਕਾਰੀ (ਲੋਕਲ **ਅਥਾਰਿਟੀ** ਦੇ ਮਨੋਨੀਤ ਕੀਤੇ ਅਧਿਕਾਰੀਆਂ ਸਮੇਤ) ਅਤੇ ਇੱਕ-ਤੋਂ-ਵੱਧ ਏਜੰਸੀ ਵਾਲੇ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਹੱਬ ਸ਼ਾਮਲ ਹਨ।
- **ਨੌਜਵਾਨ/ਛੋਟੇ ਸਦੱਸ** – ਕੋਈ ਵੀ ਵਿਅਕਤੀ ਜੋ Rainbow, Brownie, Guide ਜਾਂ Ranger ਹੈ। ਜਾਂ ਕਿਸੇ ਵੀ ਭੂਮਿਕਾ ਵਿੱਚ 18 ਸਾਲ ਤੋਂ ਛੋਟਾ ਕੋਈ ਸਵੈਸੇਵਕ, ਉਦਾਹਰਣ ਲਈ, ਇੱਕ ਛੋਟਾ ਲੀਡਰ।

# ਨੀਤੀ ਦਾ ਕਥਨ

### Girlguiding ਦਾ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਇਕਰਾਰ

ਅਸੀਂ ਸਾਰੇ ਬਾਲਗਾਂ ਅਤੇ ਬੱਚਿਆਂ ਲਈ, ਔਫਲਾਈਨ ਅਤੇ, ਔਨਲਾਈਨ ਸੁਰੱਖਿਆ-ਪ੍ਰਬੰਧ ਕਰਨ ਲਈ ਵਚਨਬੱਧ ਹਾਂ। ਹਰ ਕਿਸੇ ਨੂੰ ਬਦਸਲੂਕੀ, ਸ਼ੋਸ਼ਣ, ਨੁਕਸਾਨ ਅਤੇ ਡਰ ਤੋਂ ਬਿਨਾਂ ਜੀਵਨ ਜੀਉਣ, ਅਤੇ ਸੁਰੱਖਿਅਤ ਅਤੇ ਤੰਦਰੁਸਤ ਰਹਿਣ ਦਾ ਅਧਿਕਾਰ ਹੈ। ਇਸ ਨੀਤੀ ਦਾ ਪਾਲਣ ਕਰਕੇ, ਤੁਸੀਂ ਇੱਕ ਸੁਰੱਖਿਅਤ ਥਾਂ ਬਣਾਉਣ ਵਿੱਚ ਮਦਦ ਕਰੋਗੇ ਜਿੱਥੇ ਸਾਡੇ ਸਾਰੇ ਸਦੱਸਾਂ ਦਾ ਸ਼ਾਨਦਾਰ ਮਾਰਗਦਰਸ਼ਨ ਅਨੁਭਵ ਹੋ ਸਕਦਾ ਹੈ। ਇਸ ਨਾਲ ਹਰ ਵਿਅਕਤੀ ਨੂੰ ਕਿਸੇ ਚਿੰਤਾ ਦੀ ਰਿਪੋਰਟ ਕਰਨ ਜਾਂ ਕੋਈ ਖੁਲਾਸਾ ਕਰਨ ਦੀ ਖੁੱਲ੍ਹ ਮਿਲਦੀ ਹੈ।

ਅਸੀਂ ਸਮਝਦੇ ਹਾਂ ਕਿ ਕੁਝ ਲੋਕ ਵਿਸ਼ੇਸ਼ ਤੌਰ 'ਤੇ ਅਸੁਰੱਖਿਅਤ ਹੁੰਦੇ ਹਨ। ਇਹ ਉਹਨਾਂ ਦੀ ਪਹਿਚਾਣ ਜਾਂ ਹਾਲਾਤ ਦੇ ਕੁਝ ਪਹਿਲੂਆਂ ਕਾਰਨ ਹੋ ਸਕਦਾ ਹੈ।

ਜਦਕਿ ਨੁਕਸਾਨ ਔਫਲਾਈਨ, ਔਨਲਾਈਨ, ਅਤੇ ਕਈ ਵਾਰ ਦੋਹਾਂ ਤਰੀਕਿਆਂ ਵਿੱਚ ਹੋ ਸਕਦਾ ਹੈ, ਅਸੀਂ ਸਮਝਦੇ ਹਾਂ ਕਿ ਕੁਝ ਕਿਸਮ ਦਾ ਨੁਕਸਾਨ ਸਿਰਫ਼, ਅਤੇ ਜ਼ਿਆਦਾਤਰ ਔਨਲਾਈਨ ਹੋ ਸਕਦਾ ਹੈ। ਤੁਹਾਡੇ ਲਈ ਇਸ ਨੀਤੀ ਦੇ ਨਾਲ-ਨਾਲ ਡਿਜੀਟਲ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਨੀਤੀ ਨੂੰ ਪੜ੍ਹਨਾ ਲਾਜ਼ਮੀ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਸਾਡੀ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਦੇ ਸੰਪਰਕ ਵਿੱਚ ਆਓ, ਤੁਹਾਡਾ ਕਿਸੇ ਚਿੰਤਾ ਬਾਰੇ ਨਿਸ਼ਚਿਤ ਹੋਣਾ ਜ਼ਰੂਰੀ ਨਹੀਂ ਹੈ, ਇਸਲਈ, ਜੇਕਰ ਤੁਹਾਨੂੰ ਸ਼ੱਕ ਹੈ, ਤਾਂ ਇਸਦੀ ਰਿਪੋਰਟ ਕਰੋ।

ਅਸੀਂ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਹਰ ਕਿਸਮ ਦੀਆਂ ਔਫਲਾਈਨ ਅਤੇ ਔਨਲਾਈਨ, ਚਿੰਤਾਵਾਂ ਨੂੰ ਸਮਝਦੇ ਹਾਂ ਅਤੇ ਇਹਨਾਂ ਲਈ ਪ੍ਰਤੀਕਿਰਿਆ ਕਰਦੇ ਹਾਂ, ਜਿਹਨਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ ਪਰ ਇਹਨਾਂ ਤਕ ਸੀਮਿਤ ਨਹੀਂ ਹਨ:

- **ਬਦਸਲੂਕੀ** –ਇਸ ਵਿੱਚ ਸਰੀਰਕ, ਭਾਵਨਾਤਮਕ, ਲਿੰਗਕ, ਲਾਪਰਵਾਹੀ, ਘਰੇਲੂ ਬਦਸਲੂਕੀ ਸ਼ਾਮਲ ਹੈ, ਜਿਸ ਵਿੱਚ ਹਾਲ ਹੀ ਵਿੱਚ ਨਾ ਹੋਣ ਵਾਲੀ, ਔਨਲਾਈਨ ਬਦਸਲੂਕੀ ਅਤੇ ਇੱਕ ਬੱਚੇ ਵਲੋਂ ਦੂਜੇ ਨਾਲ ਕੀਤੀ ਲਿੰਗਕ ਬਦਸਲੂਕੀ ਸ਼ਾਮਲ ਹੈ।
- **ਸ਼ੋਸ਼ਣ** – ਜਿਵੇਂ ਕਿ ਬੱਚੇ ਦਾ ਲਿੰਗਕ ਸ਼ੋਸ਼ਣ ਅਤੇ ਬੱਚੇ ਦਾ ਅਪਰਾਧਕ ਸ਼ੋਸ਼ਣ।
- **ਨੁਕਸਾਨ** –ਇਸ ਵਿੱਚ ਧਮਕਾਉਣਾ, ਬਦਸਲੂਕੀ ਕਰਨ ਲਈ ਰਿਸ਼ਤੇ ਬਣਾਉਣਾ, ਆਪਣੇ-ਆਪ ਨੂੰ ਨੁਕਸਾਨ ਪਹੁੰਚਾਉਣਾ ਅਤੇ ਪਰੰਪਰਾ ਅਨੁਸਾਰ ਨੁਕਸਾਨ ਪਹੁੰਚਾਉਣ ਵਾਲੀਆਂ ਰੀਤਾਂ ਸ਼ਾਮਲ ਹਨ (ਉਦਾਹਰਣ ਲਈ, ਔਰਤ ਦੇ ਗੁਪਤ-ਅੰਗ ਨਾਲ ਛੇੜਛਾੜ, ਜਬਰਨ ਵਿਆਹ)।

- **ਵਿਸ਼ੇਸ਼ਤਾ-ਪ੍ਰਾਪਤ ਖੇਤਰ** –ਮਾਨਸਿਕ ਤੰਦਰੁਸਤੀ ਜਾਂ ਮਾਨਸਿਕ ਸਮਰੱਥਾ ਅਤੇ ਅਤਿਵਾਦੀ ਬਣਾਉਣ ਦੀ ਕਿਰਿਆ।

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੂੰ ਜੋਖਮ ਹੈ, ਤਾਂ ਤੁਹਾਡੇ ਲਈ ਇਸਦੀ ਰਿਪੋਰਟ ਕਰਨਾ ਲਾਜ਼ਮੀ ਹੈ।

ਤੁਸੀਂ Ann Craft Trust ਅਤੇ NSPCC ਤੋਂ ਵੱਖ-ਵੱਖ ਕਿਸਮਾਂ ਦੇ ਨੁਕਸਾਨ ਅਤੇ ਬਦਸਲੂਕੀ ਬਾਰੇ ਹੋਰ ਜ਼ਿਆਦਾ ਪਤਾ ਲਗਾ ਸਕਦੇ ਹੋ।

## ਅਪੇਖਿਆਵਾਂ

ਸਾਰੇ ਬਾਲਗ਼ ਸਵੈਸੇਵਕਾਂ, ਬਾਲਗ਼ ਸਦੱਸਾਂ, ਅਤੇ ਕਰਮਚਾਰੀਆਂ ਤੋਂ ਹੇਠ ਲਿਖਿਆ ਕਰਨ ਦੀ ਉਮੀਦ ਕਰਦੇ ਹਨ:

- ਸਾਡੀ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਕਾਰਜਵਿਧੀ ਅਤੇ ਡਿਜੀਟਲ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਨੀਤੀ ਦਾ ਪਾਲਣ ਕਰੋ।
- ਸਾਰੀਆਂ ਚਿੰਤਾਵਾਂ, ਦੋਸ਼ਾਂ ਅਤੇ ਖੁਲਾਸਿਆਂ ਦੀ ਰਿਪੋਰਟ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਅਤੇ ਤੁਹਾਡੇ ਕਮਿਸ਼ਨਰ ਨੂੰ 24 ਘੰਟਿਆਂ ਦੇ ਅੰਦਰ (ਜਾਂ ਜੇ ਕੋਈ ਆਪਾਤਕਾਲ ਸਥਿਤੀ ਹੈ ਤਾਂ ਹੋਰ ਵੀ ਛੇਤੀ) ਕਰੋ। ਕਦੇ ਵੀ ਇਹ ਨਾ **ਸੋਚੋ** ਕਿ ਕਿਸੇ ਹੋਰ ਨੇ ਚਿੰਤਾ ਦੀ ਰਿਪੋਰਟ ਕਰ ਦਿੱਤੀ ਹੈ।
- HQ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਨੂੰ ਕਿਸੇ ਚੱਲ ਰਹੀ ਜਾਂ ਬੀਤੀ ਛਾਣਬੀਣ ਬਾਰੇ ਸੂਚਨਾ ਦਿਓ ਜੋ ਤੁਹਾਡੇ ਜਾਂ ਅਜਿਹੇ ਕਿਸੇ ਵਿਅਕਤੀ 'ਤੇ ਕੀਤੀ ਜਾਂਦੀ ਹੈ ਜਿਸਦੇ ਨਾਲ ਤੁਹਾਡਾ ਖਾਸ ਰਿਸ਼ਤਾ ਹੈ ਜੋ ਕਿਸੇ ਦੋਸ਼, ਚਿੰਤਾ ਜਾਂ ਖੁਲਾਸੇ ਲਈ ਸੁਰੱਖਿਆ-ਪ੍ਰਬੰਧ ਕਰ ਰਹੇ ਕਿਸੇ ਬੱਚੇ ਜਾਂ ਬਾਲਗ਼ ਨਾਲ ਸਬੰਧਤ ਹੈ। ਹੋ ਸਕਦਾ ਹੈ ਕਿ ਇਹ ਛਾਣਬੀਣ ਪੁਲਿਸ, ਸਮਾਜਕ ਸੇਵਾਵਾਂ, ਜਾਂ ਮਾਲਕ, ਜਾਂ ਅਜਿਹੇ ਕਿਸੇ ਹੋਰ ਸੰਗਠਨ ਦੁਆਰਾ ਚਲਾਈ ਗਈ ਹੋਵੇ ਜਿਸ ਲਈ ਤੁਸੀਂ ਸਵੈਸੇਵਾ ਕਰਦੇ ਹੋ। ਕਿਸੇ ਖਾਸ ਰਿਸ਼ਤੇ ਵਿੱਚ ਪਰਿਵਾਰ ਦੇ ਸਦੱਸ, ਸਾਥੀ, ਅਤੇ ਸਮਾਨ ਘਰ ਦੇ ਸਦੱਸ ਸ਼ਾਮਲ ਹਨ, ਪਰ ਇਹਨਾਂ ਤਕ ਸੀਮਿਤ ਨਹੀਂ ਹਨ। ਤੁਸੀਂ ਸਹਾਇਤਾ ਲਈ ਆਪਣੇ ਕਮਿਸ਼ਨਰ ਨਾਲ ਸੰਪਰਕ ਕਰ ਸਕਦੇ ਹੋ।
- ਸਚੇਤ ਰਹੋ, ਤਾਂ ਜੋ ਤੁਸੀਂ ਕੁਝ ਚਿੰਤਾਜਨਤ ਹੋਣ 'ਤੇ ਇਸਦੀ ਪਛਾਣ ਕਰ ਸਕੋ।

- ਜਦੋਂ ਕੋਈ ਚਿੰਤਾ ਹੁੰਦੀ ਹੈ ਤਾਂ ਕਾਰਵਾਈ ਕਰਨ ਲਈ HQ ਦੀ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਅਤੇ ਆਪਣੇ ਕਮਿਸ਼ਨਰ ਨਾਲ ਕੰਮ ਕਰੋ।
- ਕਿਸੇ ਕੁੜੀ ਜਾਂ ਨੌਜਵਾਨ/ਛੋਟੇ ਸਦੱਸ ਦੇ ਨਾਲ ਆਮ੍ਹੋ-ਸਾਮ੍ਹਣੇ ਸੰਪਰਕ ਨਾ ਕਰੋ। ਕਦੇ ਵੀ ਕਿਸੇ ਕੁੜੀ ਜਾਂ 14 ਸਾਲ ਤੋਂ ਛੋਟੇ ਕਿਸੇ ਨੌਜਵਾਨ ਸਦੱਸ ਦੇ ਨਾਲ ਉਸਦੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੀ ਇਜਾਜ਼ਤ ਦੇ ਬਿਨਾਂ ਸੰਪਰਕ ਨਾ ਕਰੋ। ਇਹ ਤਾਂ ਵੀ ਲਾਗੂ ਹੁੰਦਾ ਹੈ ਜੇ ਉਹਨਾਂ ਨੇ ਪਹਿਲਾਂ ਤੁਹਾਡੇ ਨਾਲ ਸੰਪਰਕ ਕੀਤਾ ਹੋਵੇ – ਜਦੋਂ ਤਕ ਇਹ ਕੋਈ ਆਪਾਤਕਾਲ ਸਥਿਤੀ ਨਾ ਹੋਵੇ।
- ਜਦੋਂ ਤੁਸੀਂ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਸਮੱਸਿਆਵਾਂ ਨਾਲ ਨਿਪਟ ਰਹੇ ਹੋ, ਤਾਂ ਸ਼ਾਮਲ ਹੋਣ ਅਤੇ ਪਹੁੰਚਣ-ਯੋਗਤਾ ਬਾਰੇ ਸੋਚ-ਵਿਚਾਰ ਕਰੋ। ਉਦਾਹਰਣ ਲਈ, ਅਯੋਗ ਸਦੱਸਾਂ ਅਤੇ ਸਵੈਸੇਵਕਾਂ, ਜਾਂ ਵਾਧੂ ਜ਼ਰੂਰਤਾਂ ਵਾਲੇ ਵਿਅਕਤੀਆਂ ਦੀ ਮਦਦ ਕਰਨ ਲਈ ਸਮਾਯੋਜਨ ਕਰਨੇ, ਜਿਹਨਾਂ ਵਿੱਚ ਸਮਾਯੋਜਨ ਯੋਜਨਾਵਾਂ ਬਣਾਉਣਾ ਸ਼ਾਮਲ ਹੈ ਜਿਹਨਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।
- ਤੁਹਾਡੀ ਭੂਮਿਕਾ ਨਾਲ ਸਬੰਧਤ ਲਾਜ਼ਮੀ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਸਿਖਲਾਈ ਨੂੰ ਪੂਰਾ ਕਰੋ ਅਤੇ ਇਸਦੀ ਸਮੀਖਿਆ ਕਰਨਾ ਜਾਰੀ ਰੱਖੋ। ਜਦੋਂ ਤੁਹਾਡੇ ਲਈ ਆਪਣੀ ਸਿਖਲਾਈ ਦੀ ਸਮੀਖਿਆ ਕਰਨਾ ਲਾਜ਼ਮੀ ਹੁੰਦਾ ਹੈ ਤਾਂ ਅਸੀਂ ਤੁਹਾਨੂੰ ਇੱਕ ਰੀਮਾਈਂਡਰ ਭੇਜਾਂਗੇ।

## Girlguiding ਬੱਚਿਆਂ ਅਤੇ ਬਾਲਗ਼ਾਂ ਨੂੰ ਸੁਰੱਖਿਅਤ ਕਿਵੇਂ ਕਰਦੇ ਹਨ

- ਅਸੀਂ ਸਾਰੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਸਾਡੀ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਤੁਹਾਡੀਆਂ ਹੋ ਸਕਣ ਵਾਲੀਆਂ ਕਿਸੇ ਵੀ ਚਿੰਤਾਵਾਂ ਦੇ ਨਾਲ ਤੁਹਾਡੀ ਮਦਦ ਕਰਨ ਲਈ ਉਪਲਬਧ ਹੁੰਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਕਿਸੇ ਵਿਅਕਤੀ ਨੂੰ ਔਫਲਾਈਨ ਜਾਂ ਔਨਲਾਈਨ, ਨੁਕਸਾਨ ਦਾ ਜੋਖਮ ਹੋ ਸਕਦਾ ਹੈ, ਤਾਂ ਤੁਹਾਡੇ ਲਈ ਇਸਦੀ ਰਿਪੋਰਟ ਕਰਨਾ ਲਾਜ਼ਮੀ ਹੈ।
- ਅਸੀਂ ਸੁਰੱਖਿਆ-ਪ੍ਰਬੰਧ ਕਰਨ ਲਈ ਤਕੜਾ ਸਵੈਸੇਵਕ ਅਤੇ ਕਰਮਚਾਰੀ ਢਾਂਚਾ ਸਥਾਪਿਤ ਕੀਤਾ ਹੈ।
- ਅਸੀਂ ਆਪਣੀ ਭਰਤੀ ਅਤੇ ਪੁਨਰ-ਜਾਂਚ ਨੀਤੀ ਦੀ ਵਰਤੋਂ ਕਰਕੇ ਸਵੈਸੇਵਕਾਂ ਨੂੰ ਭਰਤੀ ਕਰਦੇ ਹਾਂ।
- ਅਸੀਂ ਸਵੈਸੇਵਕਾਂ ਦੇ ਖਿਲਾਫ਼ ਦੋਸ਼ਾਂ ਦਾ ਪ੍ਰਬੰਧ ਕਰਨ ਲਈ ਆਪਣੀ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਕਾਰਜਵਿਧੀ ਦੀ ਵਰਤੋਂ ਕਰਦੇ ਹਾਂ।
- ਅਸੀਂ ਸਵੈਸੇਵਕਾਂ ਦੁਆਰਾ ਇਸ ਨੀਤੀ ਦੇ ਉਲੰਘਣ ਦਾ ਪ੍ਰਬੰਧ ਕਰਨ ਲਈ ਆਪਣੀ ਬਾਲਗ਼ ਸਵੈਸੇਵਕਾਂ ਬਾਰੇ ਚਿੰਤਾਵਾਂ ਦਾ ਪ੍ਰਬੰਧ ਕਰਨ ਸਬੰਧੀ ਨੀਤੀ ਦੀ ਵਰਤੋਂ ਕਰਦੇ ਹਾਂ। ਕਰਮਚਾਰੀਆਂ ਲਈ, ਅਸੀਂ ਆਪਣੀ ਕਰਮਚਾਰੀ ਅਨੁਸ਼ਾਸਨ-ਸਬੰਧੀ ਕਾਰਜਵਿਧੀ ਦੀ ਵਰਤੋਂ ਕਰਦੇ ਹਾਂ, ਜੋ ਕਰਮਚਾਰੀ ਇੰਟ੍ਰਾਨੈਟ ਉੱਤੇ ਹੈ।
- ਅਸੀਂ ਕਾਨੂੰਨ ਅਤੇ ਕਾਨੂੰਨੀ ਮਾਰਗ-ਦਰਸ਼ਨ ਦੇ ਆਧਾਰ ਉੱਤੇ ਹਮੇਸ਼ਾ ਸਿਹਤ ਅਤੇ ਸੁਰੱਖਿਆ ਉਪਾਅ ਸਥਾਪਿਤ ਕਰਦੇ ਹਾਂ।
- ਸਾਡੇ ਕੋਲ ਕਾਉਂਟੀ, ਦੇਸ਼ ਅਤੇ ਖੇਤਰ ਦੇ ਪੱਧਰਾਂ 'ਤੇ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਆਗੂ ਹੁੰਦੇ ਹਨ ਜੋ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਚਿੰਤਾਵਾਂ ਦਾ **ਨਿਬੇੜਾ** ਕਰਨ ਵਿੱਚ ਸ਼ਾਮਲ ਸਵੈਸੇਵਕਾਂ ਦਾ ਸਾਥ ਦੇਣ ਲਈ ਉਪਲਬਧ ਹੁੰਦੇ ਹਨ।

- ਅਸੀਂ, ਜਦੋਂ ਢੁੱਕਵਾਂ ਹੋਵੇ, ਕਾਨੂੰਨੀ ਏਜੰਸੀਆਂ ਦੇ ਨਾਲ ਚਿੰਤਾਵਾਂ ਅਤੇ ਜਾਣਕਾਰੀ ਨੂੰ ਸਾਂਝਾ ਕਰਦੇ ਹਾਂ। ਉਦਾਹਰਣ ਲਈ, ਜਦੋਂ ਬੱਚਿਆਂ ਦੇ ਨਾਲ ਕੰਮ ਕਰਨ ਵਾਲੇ ਕਿਸੇ ਵਿਅਕਤੀ ਬਾਰੇ ਅਹਿਮ ਚਿੰਤਾਵਾਂ ਹੁੰਦੀਆਂ ਹਨ। ਜਾਂ ਜਦੋਂ **ਸਾਨੂੰ ਲੱਗਦਾ** ਹੈ ਕਿ ਕਿਸੇ ਨੂੰ ਬਦਸਲੂਕੀ ਜਾਂ ਨੁਕਸਾਨ ਦਾ ਜੋਖਮ ਹੈ।
- ਅਸੀਂ ਯਕੀਨੀ ਬਣਾਉਂਦੇ ਹਾਂ ਕਿ ਜਦੋਂ ਵੀ ਢੁੱਕਵਾਂ ਹੋਵੇ, ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਚਿੰਤਾਵਾਂ ਮਾਤਾ-ਪਿਤਾ ਜਾਂ ਦੇਖਭਾਲਕਰਤਾਵਾਂ ਦੇ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਹਨ ਜਦੋਂ ਤਕ ਅਜਿਹਾ ਕਰਕੇ ਉਹਨਾਂ ਦੇ ਬੱਚੇ ਲਈ ਜ਼ਿਆਦਾ ਜੋਖਮ ਪੈਦਾ ਨਾ ਹੋ ਸਕਦਾ ਹੋਵੇ।
- ਅਸੀਂ ਸਾਂਝੇ ਸਮਾਗਮਾਂ, ਯੂਨਿਟ ਬੈਠਕਾਂ 'ਤੇ ਬਾਹਰੀ ਮੁਲਾਕਾਤੀਆਂ, ਅਤੇ ਸ਼ਾਮਲ ਹੋਣ ਵਾਲੇ ਮਾਤਾ-ਪਿਤਾ ਲਈ ਮਾਰਗ-ਦਰਸ਼ਨ ਪ੍ਰਦਾਨ ਕਰਦੇ ਹਾਂ।
- *Guide Association ਦੇ ਟਰੱਸਟੀ ਮੰਡਲ ਦੀ ਸੁਰੱਖਿਆ-ਪ੍ਰਬੰਧ ਕਰਨ **ਦੀ** ਮੁਢਲੀ ਜ਼ਿੰਮੇਵਾਰੀ ਹੁੰਦੀ ਹੈ।*

## ਕਿਸੇ ਚਿੰਤਾ ਦੀ ਰਿਪੋਰਟ ਕਰਨਾ

ਤੁਹਾਨੂੰ ਬਦਸਲੂਕੀ ਜਾਂ ਨੁਕਸਾਨ ਦੇ ਸੰਕੇਤਾਂ ਅਤੇ ਸੂਚਕਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਤੁਹਾਨੂੰ ਇਹ ਵੀ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਚਿੰਤਾਵਾਂ, ਅਪਰਾਧਾਂ ਜਾਂ ਖੁਲਾਸਿਆਂ ਲਈ ਕਿਵੇਂ ਪ੍ਰਤੀਕਿਰਿਆ ਕਰਨੀ ਹੈ ਅਤੇ ਇਹਨਾਂ ਦੀ ਰਿਪੋਰਟ ਕਿਵੇਂ ਕਰਨੀ ਹੈ।

ਜੇ ਤੁਹਾਡੀ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਕੋਈ ਚਿੰਤਾ ਹੈ, ਤਾਂ ਤੁਹਾਨੂੰ 24 ਘੰਟਿਆਂ ਦੇ ਅੰਦਰ, ਜਾਂ ਜੇਕਰ ਇਹ ਕੋਈ ਆਪਾਤਕਾਲ ਸਥਿਤੀ ਹੈ, ਤਾਂ ਜਿੰਨੀ ਛੇਤੀ ਸੰਭਵ ਹੋਵੇ ਇੱਕ ਰਿਪੋਰਟ ਤਿਆਰ ਕਰਨੀ ਚਾਹੀਦੀ ਹੈ।

ਸਾਡੀ HQ ਸੁਰੱਖਿਆ-ਪ੍ਰਬੰਧ ਕਰਨ ਸਬੰਧੀ ਟੀਮ 5 ਕਾਰਜਸ਼ੀਲ ਦਿਨਾਂ ਦੇ ਅੰਦਰ ਸਾਰੀਆਂ ਚਿੰਤਾਵਾਂ ਅਤੇ ਈਮੇਲਾਂ ਦਾ ਜਵਾਬ ਦਏਗੀ। ਕਿਸੇ ਆਪਾਤਕਾਲ ਸਥਿਤੀ ਜਾਂ ਬਹੁਤ ਜ਼ਰੂਰੀ ਰਿਪੋਰਟ ਦੇ ਮਾਮਲੇ ਵਿੱਚ, ਉਹ ਤੁਰੰਤ ਕਾਰਵਾਈ ਕਰਨਗੇ। ਤੁਸੀਂ ਸਹਾਇਤਾ ਲਈ ਆਪਣੇ ਕਮਿਸ਼ਨਰ ਨਾਲ ਸੰਪਰਕ ਕਰ ਸਕਦੇ ਹੋ।

ਸਾਡੀ ਸੁਰੱਖਿਆ-ਪ੍ਰਬੰਧ ਕਰਨ ਵਾਲੀ ਟੀਮ ਧਮਕਾਉਣ ਅਤੇ ਉਤਪੀੜਣ ਸਬੰਧੀ ਚਿੰਤਾਵਾਂ ਦੀ ਅਗੁਆਈ ਵੀ ਕਰਦੀ ਹੈ। ਜ਼ਿਆਦਾ ਜਾਣਕਾਰੀ ਲਈ, ਸਾਡੀ ਧਮਕਾਉਣ ਅਤੇ ਉਤਪੀੜਣ ਵਿਰੋਧੀ ਨੀਤੀ ਦੇਖੋ।

## ਬ੍ਰਿਟਿਸ਼ ਓਵਰਸੀਜ਼ ਇਲਾਕੇ

ਬ੍ਰਿਟਿਸ਼ ਓਵਰਸੀਜ਼ ਇਲਾਕਿਆਂ ਦੇ ਸਦੱਸਾਂ ਲਈ ਇਸ ਨੀਤੀ ਨੂੰ ਲਾਗੂ ਕਰਦੇ ਸਮੇਂ ਸਥਾਨਕ ਵਿਧਾਨ 'ਤੇ ਟਿਕੇ ਰਹਿਣਾ ਲਾਜ਼ਮੀ ਹੈ, ਜਿੱਥੇ ਵੀ ਸਬੰਧਤ ਹੋਵੇ।